ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
ਲੇਖਾ ਸ਼ਾਖਾ

ਸਮੂਹ ਮੁਖੀ ਸਾਹਿਬਾਨ

ਅਧਿਆਪਨ ਅਤੇ ਗੈਰ-ਅਧਿਆਪਨ ਵਿਭਾਗ/ਸ਼ਾਖਾਵਾਂ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।

ਵਿਸ਼ਾ: ਵਿੱਤੀ ਸਾਲ 2025-26 ਦੌਰਾਨ ਯੂਨੀਵਰਸਿਟੀ ਬਜਟਾਂ ਵਿਚੋਂ ਖਰੀਦ ਕਰਨ, ਕੀਤੇ ਗਏ ਖਰਚੇ ਦੇ ਬਿਲਾਂ ਦੀ ਅਦਾਇਗੀ ਕਰਨ ਅਤੇ ਪੇਸ਼ਗੀ ਰਕਮਾਂ ਦਾ ਲੇਖਾ ਮਿਲਾਨ ਕਰਵਾਉਣ ਬਾਬਤ ਫਾਈਲਾਂ ਭੇਜਣ ਦੀਆਂ ਨਿਰਧਾਰਿਤ ਮਿਤੀਆਂ ਸਬੰਧੀ।

ਲੇਖਾ ਸ਼ਾਖਾ ਵਲੋਂ ਸੂਚਿਤ ਕੀਤਾ ਜਾਂਦਾ ਹੈ ਕਿ 31 ਮਾਰਚ 2026 ਨੂੰ ਖਤਮ ਹੋ ਰਹੇ ਵਿੱਤੀ ਸਾਲ 2025-26 ਨਾਲ ਸਬੰਧਤ ਯੂਨੀਵਰਸਿਟੀ ਬਜਟਾਂ ਵਿਚੋਂ ਕੀਤੇ ਖਰਚੇ ਦੇ ਬਿਲਾਂ ਦੀ ਅਦਾਇਗੀ ਅਤੇ ਪੇਸ਼ਗੀ ਰਕਮਾਂ ਦਾ ਲੇਖਾ ਮਿਲਾਨ ਕਰਵਾਉਣ ਲਈ ਮਿਸਲਾਂ ਮਿਤੀ: 13/03/2026 ਤੱਕ ਹਰ ਹਾਲਤ ਵਿਚ ਲੇਖਾ ਸ਼ਾਖਾ ਨੂੰ ਭੇਜ ਦਿੱਤੀਆਂ ਜਾਣ ਤਾਂ ਜੋ ਸਮਰਥ ਅਧਿਕਾਰੀਆਂ ਦੇ ਆਦੇਸ਼ ਪ੍ਰਾਪਤ ਕਰਨ ਉਪਰੰਤ ਸਬੰਧਿਤ ਬਿਲਾਂ ਦੀ ਅਦਾਇਗੀ ਅਤੇ ਪੇਸ਼ਗੀ ਰਕਮਾਂ ਦਾ ਲੇਖਾ ਮਿਲਾਨ 31 ਮਾਰਚ 2026 ਤੋਂ ਪਹਿਲਾਂ ਕਰਵਾਇਆ ਜਾ ਸਕੇ।

ਇਸ ਤੋਂ ਇਲਾਵਾ ਵਿਭਾਗਾਂ/ਸ਼ਾਖਾਵਾਂ ਦੀਆਂ ਖਰੀਦ ਸਬੰਧੀ ਪ੍ਰਵਾਨਗੀਆ ਦੀਆਂ ਮਿਸਲਾਂ ਵੀ ਮਿਤੀ 03/03/2026 ਤੱਕ ਲੇਖਾ ਸ਼ਾਖਾ ਵਿਚ ਭੇਜ ਦਿੱਤੀਆਂ ਜਾਣ ਇਸ ਤੋਂ ਬਾਅਦ ਕੋਈ ਵੀ ਖਰੀਦ ਸਬੰਧੀ ਫਾਈਲ ਲੇਖਾ ਸ਼ਾਖਾ ਵਲੋਂ ਪ੍ਰਾਪਤ ਨਹੀਂ ਕੀਤੀ ਜਾਵੇਗੀ।

ਉਪਰੋਕਤ ਅਨੁਸਾਰ ਦਰਸਾਈਆਂ ਮਿਤੀਆਂ E-Office ਅਤੇ manual ਦੋਵੇਂ ਤਰਾਂ ਦੀਆਂ ਫਾਈਲਾਂ ਤੇ ਲਾਗੂ ਹੋਣਗੀਆਂ। ਵਰਨਣ ਯੋਗ ਹੈ ਕਿ ਮਿਤੀ 03/03/2026 ਤੋਂ ਬਾਅਦ OPS portal ਖਰੀਦ ਸਬੰਧੀ ਫਾਈਲਾਂ ਲਈ ਬੰਦ ਕਰ ਦਿੱਤਾ ਜਾਵੇਗਾ।

ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ।

ਵਿਸ਼ਵਾਸਪਾਤਰ
26/2/26
ਡਿਪਟੀ ਰਜਿਸਟਰਾਰ (ਵਿੱਤ)

Scanned by Camera Scanner